# ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,

## ਪੰਜਾਬ

### ਦਫਤਰ ਵਿੱਚ ਬਿਨੈਪੱਤਰਾਂ ਦੀ ਪ੍ਰਾਪਤੀ ਲਈ ਅੰਤਿਮ ਮਿਤੀ ......19/10/2021.....

ਇੱਕ ਸਾਲ ਲਈ ਨਿਰੋਲ ਠੇਕਾ ਅਧਾਰ ਤੇ ਅਤੇ 3 ਸਾਲਾਂ ਤੱਕ ਵੱਧਣਯੋਗ, ਇਸ਼ਤਿਹਾਰ ਦੇ ਅਖੀਰ ਤੇ ਦਿੱਤੇ ਨਿਰਧਾਰਿਤ ਬਿਨੈਪੱਤਰ ਫਾਰਮੈਟ ਉੱਤੇ ਅੰਮ੍ਰਿਤਸਰ ਵਿੱਚ ਸਥਾਪਿਤ ਕਮਿਊਨਟੀ ਹੋਮ ਫਾਰ ਮੈਂਟਲੀ ਰਿਟਾਰਡਿਡ (ਸਹਿਯੋਗ (ਹਾਫ ਵੇਅ ਹੋਮ)-ਏ ਹੋਮ ਫਾਰ ਪਰਸਨਜ਼ ਸਫਰਿੰਗ ਫਰਾਮ ਮੈਂਟਲ ਇਲਨੈਸ) ਲਈ ਹੇਠਾਂ ਦਰਸਾਈਆਂ ਅਸਾਮੀਆਂ ਲਈ ਕੇਵਲ ਰਜਿਸਟਰਡ ਡਾਕ ਰਾਂਹੀ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ । ਉਮੀਦਵਾਰ ਨੂੰ ਜਿਸ ਅਸਾਮੀ ਲਈ ਬਿਨੈ ਕੀਤਾ ਹੈ , ਦਾ ਨਾਮ ਅਤੇ ਕੈਟਾਗਿਰੀ ਲਿਫਾਫੇ ਦੇ ਸਿਖਰ ਤੇ ਦਰਸਾਉਣਾ ਹੋਵੇਗਾ ।

| ਲੜੀ ਨੰ: | ਅਸਾਮੀ ਦਾ ਨਾਮ | ਲਾਜ਼ਮੀ ਯੋਗਤਾ | ਅਸਾਮੀ | ਕੁੱਲ ਤਨਖਾਹ ਪ੍ਰਤੀ ਮਹੀਨਾ |
|---|---|---|---|---|
| 1. | ਨਰਸਿੰਗ ਅਸਿਸਟੈਂਟ | ਡੀ-ਫਾਰਮੇਸੀ ਅਤੇ ਘੱਟੋ-ਘੱਟ 2 ਸਾਲ ਤਜ਼ਰਬਾ ਸਬੰਧਤ ਖੇਤਰ ਵਿੱਚ । | 01 (ਮਹਿਲਾ) | 15000/- |
| 2. | ਟੀਚਰ | ਗਰੈਜੂਏਸ਼ਨ ਵਿੱਚ 55% ਅਤੇ ਸਪੈਸ਼ਲ ਐਜੂਕੇਸ਼ਨ ਵਿੱਚ ਬੀ-ਐਡ ਜਾਂ ਸਪੈਸ਼ਲ ਐਜੂਕੇਸ਼ਨ ਵਿੱਚ ਹੋਰ ਬਰਾਬਾਰ ਯੋਗਤਾ ਰੈਗੂਲਰ ਹੋਵੇ ਅਤੇ ਘੱਟੋ-ਘੱਟ 2 ਸਾਲ ਤਜ਼ਰਬਾ ਇਸ ਖੇਤਰ ਵਿੱਚ ਪੜਾਉਣ ਦਾ । | 01 (ਮਹਿਲਾ) | ਡੀ.ਸੀ. ਰੇਟ ਅਨੁਸਾਰ |
| 3. | ਅਟੈਡੈਂਟ | ਪੰਜਾਬੀ ਸਹਿਤ ਮਿਡਲ ਸਟੈਂਡਰਡ ਅਤੇ ਸਬੰਧਤ ਖੇਤਰ ਵਿੱਚ ਤਜ਼ਰਬਾ । | 02 (ਮਹਿਲਾ)<br>SC (M & B) – 1<br>General - 1 | ਡੀ.ਸੀ. ਰੇਟ ਅਨੁਸਾਰ |

#### ਬਿਨੈਪੱਤਰ ਪ੍ਰੋਫਾਰਮਾ

ਅਸਾਮੀ ਜਿਸ ਲਈ ਬਿਨੈ ਕੀਤਾ ਹੈ....................

1. ਨਾਮ (ਵੱਡੇ ਅੱਖਰਾਂ ਵਿੱਚ) ........................
2. ਪਿਤਾ ਦਾ ਨਾਮ (ਵੱਡੇ ਅੱਖਰਾਂ ਵਿੱਚ)..............
3. ਜਨਮ ਮਿਤੀ (ਦਸਵੀਂ ਦੀ ਖੁਦ ਤਸਦੀਕ ਕੀਤੀ ਨਕਲ ਨੱਥੀ ਕਰੋ)............
4. ਡਾਕ ਪਤਾ ਸਪੰਰਕ ਨੰਬਰ ਅਤੇ ਈਮੇਲ ਪਤਿਆਂ ਸਮੇਤ .......................
5. ਪੱਕਾ ਪਤਾ .......................................................................
6. ਵਿੱਦਿਅਕ ਯੋਗਤਾ (ਅਕਾਦਮਿਕ/ਤਕਨੀਕੀ):

| ਲੜੀ ਨੰ: | ਯੋਗਤਾ | ਬੋਰਡ/ ਯੂਨੀਵਰਸਿਟੀ | ਪਾਸ ਹੋਣ ਦਾ ਸਾਲ | ਵੱਧ ਤੋਂ ਵੱਧ ਅੰਕ | ਪ੍ਰਾਪਤ ਕੀਤੇ ਅੰਕ | % |
|---|---|---|---|---|---|---|
| | | | | | | |

7. ਸਰਕਾਰੀ ਵਿਭਾਗ/ਸੰਸਥਾ ਦਾ ਤਜ਼ਰਬਾ:

| ਲੜੀ ਨੰ: | ਵਿਭਾਗ/ਸੰਸਥਾ ਦਾ ਨਾਮ | ਰੈਗੂਲਰ/ਠੇਕਾ ਅਧਾਰਿਤ/ਵਰਕ ਚਾਰਜਡ/ਡੇਲੀ ਵੇਜ਼ਿਜ਼ | ਅਰਸਾ |
|---|---|---|---|
| | | | |

Scanned with CamScanner

ਘੋਸ਼ਣਾ :-

ਮੈਂ ਇਸ ਦੁਆਰਾ ਐਲਾਨ ਕਰਦਾ/ਕਰਦੀ ਹਾਂ ਕਿ ਇਸ ਫਾਰਮ ਵਿੱਚ ਮੇਰੇ ਦੁਆਰਾ ਭਰੇ ਗਏ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ਼ ਅਨੁਸਾਰ ਸੱਚੇ ਹਨ ਅਤੇ ਇਹਨਾਂ ਦੇ ਗਲਤ ਪਾਏ ਜਾਣ ਦੀ ਸੂਰਤ ਵਿੱਚ ਮੇਰੀ ਉਮੀਦਵਾਰਤਾ ਰੱਦ ਕਰ ਦਿੱਤੀ ਜਾਵੇਗੀ ।

ਮਿਤੀ:

ਸਥਾਨ :

(ਉਮੀਦਵਾਰ ਦੇ ਦਸਤਖਤ)

* ਦਫਤਰ ਵਿੱਚ ਕੇਵਲ ਰਜਿਸਟਰਡ ਡਾਕ ਰਾਹੀਂ ਬਿਨੈਪੱਤਰਾਂ ਦੀ ਪ੍ਰਾਪਤੀ ਲਈ ਅੰਤਿਮ ਮਿਤੀ ...19/10/2021..... ਹੈ ।

| ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ | ਪਤਾ |
|---|---|
| ਅੰਮ੍ਰਿਤਸਰ | ਨਾਰੀ ਨਿਕੇਤਨ ਕੰਪਲੈਕਸ, 24, ਮਜੀਠਾ ਰੋਡ, ਅੰਮ੍ਰਿਤਸਰ |

ਆਮ ਹਦਾਇਤਾਂ :-

ਟਿੱਪਣੀ-1 : ਨਿਰਧਾਰਿਤ ਵਿੱਦਿਅਕ ਯੋਗਤਾਵਾਂ ਘੱਟੋ-ਘੱਟ ਹਨ ਅਤੇ ਇਹਨਾਂ ਨੂੰ ਪੂਰਾ ਕਰਨ ਨਾਲ ਉਮੀਦਵਾਰ ਇੰਟਰਵਿਊ ਵਿੱਚ ਸੱਦਣ ਵਾਸਤੇ ਹੱਕਦਾਰ ਨਹੀਂ ਬਣਦਾ । ਜਿਥੇ ਇਸ ਇਸ਼ਤਿਹਾਰ ਦੇ ਹੁੰਗਾਰੇ ਵਿੱਚ ਪ੍ਰਾਪਤ ਬਿਨੈਪੱਤਰ ਦੀ ਸੰਖਿਆ ਵੱਧ ਹੁੰਦੀ ਹੈ ਤਾਂ ਚੋਣ ਕਮੇਟੀ ਯੋਗਤਾਵਾਂ ਅਤੇ ਤਜ਼ਰਬੇ ਦੇ ਆਧਾਰ ਤੇ ਉਚਿੱਤ ਹੱਦ ਤੱਕ ਇੰਟਰਵਿਊ ਲਈ ਉਮੀਦਵਾਰਾਂ ਦੀ ਗਿਣਤੀ ਨੂੰ ਸੀਮਿਤ ਕਰ ਸਕਦੀ ਹੈ ।

ਟਿੱਪਣੀ-2 : ਅਸਾਮੀ ਲਈ ਬਿਨੈ ਕਰ ਰਹੇ ਉਮੀਦਵਾਰ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਬਿਨੈਪੱਤਰ ਦੀ ਅੰਤਿਮ ਮਿਤੀ ਤੱਕ ਸਾਰੀਆਂ ਯੋਗਤਾ, ਸ਼ਰਤਾਂ ਪੂਰੀਆਂ ਕਰਦਾ ਹੈ । ਅਗਰ ਕੋਈ ਉਮੀਦਵਾਰ ਨਿਰਧਾਰਿਤ ਯੋਗਤਾ, ਸ਼ਰਤਾਂ ਪੂਰੀਆਂ ਨਹੀਂ ਕਰਦਾ, ਉਸ ਨੂੰ ਨਹੀਂ ਵਿਚਾਰਿਆ ਜਾਵੇਗਾ । ਜੇਕਰ ਇੰਟਰਵਿਊ ਜਾਂ ਨਿਯੁਕਤੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਿਸੇ ਸਮੇਂ ਤੇ ਵੈਰੀਫਿਕੇਸ਼ਨ ਵਿੱਚ ਇਹ ਪਾਇਆ ਜਾਂਦਾ ਹੈ ਕਿ ਉਹ ਯੋਗਤਾ ਸ਼ਰਤ ਵਿੱਚ ਕੋਈ ਵੀ ਇੱਕ ਸ਼ਰਤ ਪੂਰੀ ਨਹੀਂ ਕਰਦਾ ਜਾਂ ਇਹ ਪਾਇਆ ਜਾਂਦਾ ਹੈ ਕਿ ਉਸ ਦੁਆਰਾ ਪੇਸ਼ ਕੀਤੀ ਜਾਣਕਾਰੀ ਗਲਤ ਜਾਂ ਝੂਠੀ ਹੈ ਤਾਂ ਉਸ ਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ । ਤਜਰਬਾ ਕੇਵਲ ਜਰੂਰੀ ਯੋਗਤਾ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਚਾਰਿਆ ਜਾਵੇਗਾ ।

ਟਿੱਪਣੀ-3 : ਬਿਨੈਪੱਤਰ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਵਿੱਚ ਸ਼ਾਮਿਲ ਹੋਣਗੇ । (1) ਬਕਾਇਦਾ ਤਸਦੀਕਸ਼ੁਦਾ ਨਵੀਨਤਮ ਸਟੈਂਪ ਆਕਾਰ ਫੋਟੋਗ੍ਰਾਫ ਦੀ ਇੱਕ ਕਾਪੀ ਬਿਨੈਪੱਤਰ ਫਾਰਮ ਤੇ ਚਿਪਕਾਈ ਜਾਵੇ । (2) ਲਾਜ਼ਮੀ ਯੋਗਤਾ ਅਤੇ ਤਜ਼ਰਬੇ ਦੀ ਤਸਦੀਕਸ਼ੁਦਾ ਫੋਟੋਕਾਪੀ ।

ਟਿੱਪਣੀ-4 : ਇੱਕ ਬਿਨੈਪੱਤਰ ਫਾਰਮ ਸਰਸਰੀ ਤੌਰ ਤੇ ਰੱਦ ਕਰ ਦਿੱਤਾ ਜਾਵੇਗਾ ਜੇਕਰ (1) ਬਿਨੈਪੱਤਰ ਦੇ ਦਸਤਖਤ ਨਹੀਂ ਹੋਏ ਜਾਂ ਅਧੂਰਾ ਹੈ । (2) ਬਿਨੈਪੱਤਰ ਮਿੱਥੀ ਮਿਤੀ ਪਿਛੋਂ ਦਫਤਰ ਨੂੰ ਪ੍ਰਾਪਤ ਹੋਇਆ ਹੈ, ਵਿਭਾਗ ਡਾਕ ਰਾਹੀਂ ਕਿਸੇ ਵੀ ਦੇਰੀ ਲਈ ਜਿੰਮੇਵਾਰ ਨਹੀਂ ਹੋਵੇਗਾ । (3) ਉਮੀਦਵਾਰ ਲੋੜੀਂਦੀ ਅਕਾਦਮਿਕ ਯੋਗਤਾ ਜਾਂ ਕੱਟਆਫ ਮਿਤੀ ਨੂੰ ਨਿਧਾਰਤ ਤਜ਼ਰਬਾ ਨਹੀਂ ਰੱਖਦਾ ।

ਟਿੱਪਣੀ-5 : ਹਰੇਕ ਕਰਮਚਾਰੀ ਦਾ ਠੇਕਾ ਇੱਕ ਸਾਲ ਲਈ ਹੋਵੇਗਾ ਅਤੇ 3 ਸਾਲਾਂ ਤੱਕ ਵਧਾਏ ਜਾਣ ਯੋਗ ਹੋਵੇਗਾ ।

ਟਿੱਪਣੀ-6 : ਉਮਰ ਹੱਦ ਬਿਨੈਪੱਤਰ ਦੇ ਬੰਦ ਹੋਣ ਦੀ ਮਿਤੀ ਤੋਂ 21 ਤੋਂ 40 ਸਾਲਾਂ ਤੱਕ ਹੈ ।

ਟਿੱਪਣੀ-7 : ਵਿਭਾਗ ਅਧੀਨ ਕਿਸੇ ਹੋਮਜ਼ ਵਿੱਚ ਰਹਿ ਰਹੀਆਂ ਮਹਿਲਾਵਾਂ, ਬੱਚਿਆਂ ਅਤੇ ਇਹਨਾਂ ਮਹਿਲਾਵਾਂ ਦੇ ਬੱਚਿਆਂ ਨੂੰ ਤਰਜੀਹ ਦਿੱਤੀ ਜਾਵੇਗੀ ।

* ਇਹਨਾਂ ਅਸਾਮੀਆਂ ਨੂੰ ਵਧਾਉਣ, ਘਟਾਉਣ ਜਾਂ ਨਾ ਭਰਨ ਸਬੰਧੀ ਫੈਸਲਾ ਡਿਪਟੀ ਕਮਿਸ਼ਨਰ ਜੀ ਦਾ ਅੰਤਿਮ ਫੈਸਲਾ ਹੋਵੇਗਾ ।

ਸਹੀ/- ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਅੰਮ੍ਰਿਤਸਰ ।

Scanned with CamScanner